

## ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਕੀ ਕਾਰਨ ਹੈ?

ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਇਨਫੈਕਸ਼ਨ ਬੱਚੇਦਾਨੀ ਦੇ ਮੂੰਹ ਦੀਆਂ ਤਕਰੀਬਨ ਸਾਰੀਆਂ ਕੈਂਸਰਾਂ ਦਾ ਕਾਰਨ ਬਣਦੀ ਹੈ। ਕੈਂਸਰ ਤੋਂ ਪਹਿਲਾਂ ਦੇ ਸੈੱਲ ਬਣਨ ਜਾਂ ਬੱਚੇਦਾਨੀ ਦੇ ਕੈਂਸਰ ਹੋਣ ਲਈ ਐੱਚ ਪੀ ਵੀ ਦਸ ਸਾਲ ਤੱਕ ਦਾ ਸਮਾਂ ਲਗਾ ਸਕਦਾ ਹੈ।

## ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ) ਕੀ ਹੈ?

ਐੱਚ ਪੀ ਵੀ ਇਕ ਵਾਇਰਸ ਹੈ ਜੋ ਕਿ ਆਮ ਤੌਰ ’ਤੇ ਕੋਈ ਸਮੱਸਿਆਵਾਂ ਪੈਦਾ ਕੀਤੇ ਬਿਨਾਂ ਆਪਣੇ ਆਪ ਹੀ ਹਟ ਜਾਂਦਾ ਹੈ।

ਐੱਚ ਪੀ ਵੀ ਦੇ ਦੋ ਗਰੁੱਪ ਬੱਚੇਦਾਨੀ ਦੇ ਮੂੰਹ (ਸਰਵਿਕਸ) ਵਿਚ ਲਾਗ ਲਾ ਸਕਦੇ ਹਨ – ਘੱਟ ਖਤਰੇ ਵਾਲਾ ਅਤੇ ਜ਼ਿਆਦਾ ਖਤਰੇ ਵਾਲਾ। ਘੱਟ ਖਤਰੇ ਵਾਲੀਆਂ ਕਿਸਮਾਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਨਾਲ ਨਹੀਂ ਜੁੜੀਆਂ ਹੁੰਦੀਆਂ ਪਰ ਇਹ ਗੁਪਤ ਅੰਗਾਂ ’ਤੇ ਮਹੁਕਿਆਂ ਦਾ ਅਤੇ ਟੈੱਸਟ ਦੇ ਅਸਾਧਾਰਣ (ਅਬਨੌਰਮਲ) ਨਤੀਜਿਆਂ ਦਾ ਕਾਰਨ ਬਣ ਸਕਦੀਆਂ ਹਨ। ਐੱਚ ਪੀ ਵੀ ਦੀ ਜ਼ਿਆਦਾ ਖਤਰੇ ਵਾਲੀ ਕਿਸਮ ਨਾਲ ਲੰਬਾ ਸਮਾਂ ਇਨਫੈਕਸ਼ਨ ਰਹਿਣ ਨਾਲ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋ ਸਕਦੀ ਹੈ ਜਾਂ ਕੈਂਸਰ ਤੋਂ ਪਹਿਲਾਂ ਦੇ ਸੈੱਲ ਬਣ ਸਕਦੇ ਹਨ।

ਐੱਚ ਪੀ ਵੀ ਬਹੁਤ ਆਮ ਹੈ ਅਤੇ ਇਹ ਕਿਸੇ ਤਰ੍ਹਾਂ ਦੇ ਵੀ ਕਾਮੁਕ ਸੰਪਰਕ ਨਾਲ ਸੌਖ ਨਾਲ ਫੈਲ ਜਾਂਦਾ ਹੈ। ਇਸ ਵਿਚ ਲਿੰਗਕ ਛੂਹ, ਜ਼ਬਾਨੀ, ਯੋਨੀ ਅਤੇ ਗੁਦਾ ਸੈਕਸ ਸ਼ਾਮਲ ਹਨ।

ਬਹੁਤੇ ਲੋਕਾਂ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਕਿਸੇ ਵੇਲੇ ਐੱਚ ਪੀ ਵੀ ਲੱਗੇਗਾ – ਅਕਸਰ ਇਸ ਬਾਰੇ ਬਿਨਾਂ ਜਾਣਦੇ ਹੋਏ। ਆਮ ਤੌਰ ’ਤੇ ਸਰੀਰ ਦਾ ਇਮਿਊਨ ਸਿਸਟਮ (ਬੀਮਾਰੀਆਂ ਦਾ ਮੁਕਾਬਲਾ ਕਰਨ ਵਾਲਾ ਸਿਸਟਮ) ਦੋ ਸਾਲਾਂ ਵਿਚ ਵਾਇਰਸ ਨੂੰ ਆਪਣੇ ਸਰੀਰ ਵਿੱਚੋਂ ਕੱਢ ਦਿੰਦਾ ਹੈ। ਐੱਚ ਪੀ ਵੀ ਆਪਣੇ ਆਪ ਨਹੀਂ ਨਿਕਲਦਾ ਅਤੇ ਸਮਾਂ ਪਾ ਕੇ ਇਹ ਬੱਚੇਦਾਨੀ ਦੇ ਮੂੰਹ ਵਿਚਲੇ ਸੈੱਲਾਂ ਨੂੰ ਅਸਾਧਾਰਣ ਬਣਾ ਸਕਦਾ ਹੈ।

## ਵਿਚਾਰਨ ਵਾਲੀਆਂ ਚੀਜ਼ਾਂ:

- ਕੋਈ ਵੀ ਟੈੱਸਟ ਸੰਪੂਰਨ ਨਹੀਂ ਹੁੰਦਾ। ਸਭ ਤੋਂ ਬਿਹਤਰ ਹਾਲਤਾਂ ਹੇਠ ਵੀ, ਕੁਝ ਕੇਸ ਅਜਿਹੇ ਹੁੰਦੇ ਹਨ ਜਿੱਥੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਟੈੱਸਟ ਦੇ ਨਤੀਜੇ ਬੱਚੇਦਾਨੀ ਦੇ ਮੂੰਹ ਦੀ ਅਸਾਧਾਰਣਤਾ ਦਿਖਾ ਸਕਦੇ ਹਨ ਜਦ ਕਿ ਕੋਈ ਅਸਾਧਾਰਣ ਸੈੱਲ (ਗਲਤ-ਪੌਜ਼ਟਿਵ) ਨਹੀਂ ਹੁੰਦੇ ਜਾਂ ਟੈੱਸਟ ਦੇ ਨਤੀਜੇ ਨੌਰਮਲ ਹੋ ਸਕਦੇ ਹਨ ਜਦ ਕਿ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਜਾਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ (ਗਲਤ-ਨੈਗਟਿਵ) ਮੌਜੂਦ ਹੁੰਦੇ ਹਨ।
- ਟੈੱਸਟ ਘੱਟ ਉਮਰ ਦੀਆਂ ਔਰਤਾਂ ਵਿਚ ਅਸਰਦਾਰ ਨਹੀਂ ਹੁੰਦੇ। 25 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਵਿਚ, ਟੈੱਸਟ ਰਾਹੀਂ ਬੱਚੇਦਾਨੀ ਦੇ ਮੂੰਹ ਦੀਆਂ ਬਹੁਤੀਆਂ ਅਸਾਧਾਰਣਤਾਵਾਂ ਦੀ ਹੋਈ ਪਛਾਣ ਆਮ ਤੌਰ ’ਤੇ ਆਪਣੇ ਆਪ ਹੀ ਤਕਰੀਬਨ 2 ਕੁ ਸਾਲਾਂ ਵਿਚ ਠੀਕ ਹੋ ਜਾਵੇਗੀ। ਪਰ ਜੇ ਟੈੱਸਟ ਹੋਇਆ ਹੋਵੇ ਤਾਂ ਇਸ ਦਾ ਨਤੀਜਾ ਬੇਲੋੜੀ ਪੈਰਵੀ/ਇਲਾਜ ਵਿਚ ਨਿਕਲੇਗਾ, ਜਿਸ ਨਾਲ ਬੇਲੋੜੀ ਚਿੰਤਾ ਅਤੇ ਫਿਕਰ ਜਾਂ ਭਵਿੱਖ ਦੇ ਗਰਭ ਲਈ ਲੰਬੇ ਸਮੇਂ ਦੇ ਅਸਰ (ਸਮੇਂ ਤੋਂ ਪਹਿਲਾਂ ਜਨਮ ਜਾਂ ਜਨਮ ਵੇਲੇ ਬੱਚੇ ਦਾ ਘੱਟ ਭਾਰ) ਪੈਦਾ ਹੋ ਸਕਦੇ ਹਨ।
- ਜੇ ਤੁਹਾਡੇ ਵਿਚ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੀਆਂ ਕੋਈ ਨਿਸ਼ਾਨੀਆਂ ਹੋਣ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ। ਆਪਣੀ ਸਿਹਤ ’ਤੇ ਨਿਗਰਾਨੀ ਰੱਖਣਾ ਅਤੇ ਕਿਸੇ ਵੀ ਅਸਾਧਾਰਣ ਤਬਦੀਲੀਆਂ ਤੋਂ ਜਾਣੂ ਹੋਣਾ ਜ਼ਰੂਰੀ ਹੈ – ਭਾਵੇਂ ਤੁਹਾਡਾ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਟੈੱਸਟ ਹੁਣੇ ਹੁਣੇ ਠੀਕ ਆਇਆ ਹੋਵੇ।

## ਸਾਡੇ ਨਾਲ ਸੰਪਰਕ ਕਰੋ


BC Cancer Cervix Screening
801-686 West Broadway
Vancouver, BC V5Z 1G1

ਈਮੇਲ: screening@bccancer.bc.ca
ਵੈੱਬ: www.screeningbc.ca/cervix



ਤੁਹਾਡੀ ਨਿੱਜੀ ਜਾਣਕਾਰੀ, ਨਿੱਜੀ ਜਾਣਕਾਰੀ ਦੀ ਹਿਫਾਜ਼ਤ ਦੇ ਐਕਟ, ਅਤੇ ਜਦੋਂ ਲਾਗੂ ਹੁੰਦਾ ਹੋਵੇ, ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਦੇ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਸਿਰਫ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਨੂੰ ਯਕੀਨੀ ਬਣਾਉਣ ਲਈ ਕੀਤੀ ਜਾਵੇਗੀ ਅਤੇ ਇਲਾਜ ਕਰਨ ਵਾਲੇ ਹੈਲਥਕੇਅਰ ਪ੍ਰੈਕਟੀਸ਼ਨਰਾਂ ਨੂੰ ਦਿੱਤੀ ਜਾਵੇਗੀ ਜਾਂ ਜਦੋਂ ਕਾਨੂੰਨ ਮੁਤਾਬਕ ਅਜਿਹਾ ਕਰਨਾ ਜ਼ਰੂਰੀ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਦੇ ਸੰਬੰਧ ਵਿਚ ਕੋਈ ਵੀ ਸਵਾਲ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca).
ਇਹ ਬਰੋਸ਼ਰ ਹੋਰ ਜ਼ਬਾਨਾਂ ਵਿਚ ਵੀ ਮਿਲਦਾ ਹੈ। ਅਨੁਵਾਦ ਹੋਏ ਰੂਪ ਲੈਣ ਲਈ www.screeningbc.ca ’ਤੇ ਜਾਓ।



Version: September 2020
Punjabi


BC CANCER
CERVIX SCREENING
Provincial Health Services Authority



# ਬੱਚੇਦਾਨੀ ਦੇ ਮੂੰਹ ਦਾ ਟੈੱਸਟ

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਟੈੱਸਟ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ

www.screeningbc.ca/cervix

## ਬੱਚੇਦਾਨੀ ਦੇ ਮੂੰਹ ਦੇ ਟੈੱਸਟ ਵਿਚ ਇਕ ਟੈੱਸਟ ਕਰਨਾ ਸ਼ਾਮਲ ਹੁੰਦਾ ਹੈ ਜਿਸ ਨੂੰ ਪੈਪ ਟੈੱਸਟ ਆਖਿਆ ਜਾਂਦਾ ਹੈ ਜਿਹੜਾ ਬੱਚੇਦਾਨੀ ਦੇ ਮੂੰਹ ਵਿਚ ਅਸਾਧਾਰਣ ਸੈੱਲਾਂ ਦਾ ਕੈਂਸਰ ਬਣਨ ਤੋਂ ਪਹਿਲਾਂ ਪਤਾ ਲਾ ਸਕਦਾ ਹੈ।

ਜੇ ਇਨ੍ਹਾਂ ਅਸਾਧਾਰਣ ਸੈੱਲਾਂ ਦਾ ਪਤਾ ਛੇਤੀ ਲੱਗ ਜਾਂਦਾ ਹੈ ਅਤੇ ਇਲਾਜ ਛੇਤੀ ਹੋ ਜਾਂਦਾ ਹੈ ਤਾਂ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ।

ਟੈੱਸਟ ਕੈਂਸਰ ਦੀ ਵੀ ਅਗੇਤੀ ਸਟੇਜ 'ਤੇ ਪਛਾਣ ਕਰ ਸਕਦਾ ਹੈ – ਇਸ ਦੀਆਂ ਨਿਸ਼ਾਨੀਆਂ ਪੈਦਾ ਹੋਣ ਤੋਂ ਪਹਿਲਾਂ। ਜੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਅਗੇਤੀ ਸਟੇਜ 'ਤੇ ਹੀ ਫੜੀ ਜਾਵੇ ਤਾਂ ਬਚਣ ਦੇ ਮੌਕੇ 85 ਪ੍ਰਤੀਸ਼ਤ ਨਾਲੋਂ ਜ਼ਿਆਦਾ ਹੁੰਦੇ ਹਨ।

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੀਆਂ ਆਮ ਤੌਰ 'ਤੇ ਕੋਈ ਨਿਸ਼ਾਨੀਆਂ ਨਹੀਂ ਹੁੰਦੀਆਂ। ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੀਆਂ ਨਿਸ਼ਾਨੀਆਂ ਵਿਚ ਇਹ ਸ਼ਾਮਲ ਹੋ ਸਕਦੀਆਂ ਹਨ:

- ਯੋਨੀ ਵਿੱਚੋਂ ਅਸਾਧਾਰਣ ਬਲੀਡਿੰਗ (ਜਿਸ ਤਰ੍ਹਾਂ ਦੀ ਬਲੀਡਿੰਗ ਮਾਹਵਾਰੀ ਦੇ ਸਮਿਆਂ ਦੇ ਵਿਚਕਾਰ ਹੁੰਦੀ ਹੈ, ਸੰਭੋਗ ਕਰਨ ਦੌਰਾਨ/ਬਾਅਦ ਵਿਚ ਜਾਂ ਮਾਹਵਾਰੀ ਪੱਕੇ ਤੌਰ 'ਤੇ ਬੰਦ ਹੋ ਜਾਣ ਤੋਂ ਬਾਅਦ ਹੁੰਦੀ ਹੈ) ;
- ਯੋਨੀ ਵਿੱਚੋਂ ਅਸਾਧਾਰਣ ਜਾਂ ਲਗਾਤਾਰ ਮੁਆਦ ਨਿਕਲਣਾ; ਜਾਂ
- ਪੇਡੂ (ਪੈਲਵਿਕ) ਵਿਚ ਦਰਦ ਜਾਂ ਸੰਭੋਗ ਦੌਰਾਨ ਦਰਦ ਹੋਣਾ।

ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕੋਈ ਵੀ ਨਿਸ਼ਾਨੀ ਦਿਖਾਈ ਦੇਵੇ ਤਾਂ ਆਪਣੇ ਡਾਕਟਰ ਕੋਲ ਜਾਉ।

## ਬੱਚੇਦਾਨੀ ਦੇ ਮੂੰਹ ਦਾ ਟੈੱਸਟ ਕਿਸ ਨੂੰ ਕਰਵਾਉਣਾ ਚਾਹੀਦਾ ਹੈ?

25 ਤੋਂ 69 ਸਾਲ ਦੇ ਵਿਚਕਾਰ ਦੀ ਉਮਰ ਦੀਆਂ ਔਰਤਾਂ ਦਾ ਹਰ ਤਿੰਨ ਸਾਲਾਂ ਬਾਅਦ ਟੈੱਸਟ ਹੋਣਾ ਚਾਹੀਦਾ ਹੈ। ਜੇ ਤੁਹਾਡੇ ਨਤੀਜੇ ਸਦਾ ਹੀ ਨੌਰਮਨ ਆਏ ਹੋਣ ਤਾਂ ਇਹ ਟੈੱਸਟ 69 ਸਾਲ ਦੀ ਉਮਰ 'ਤੇ ਬੰਦ ਕੀਤੇ ਜਾ ਸਕਦੇ ਹਨ। ਆਪਣੇ ਡਾਕਟਰ ਨੂੰ ਪੁੱਛੋ ਕਿ ਕੀ ਤੁਹਾਨੂੰ ਅਜੇ ਵੀ ਟੈੱਸਟ ਕਰਵਾਉਣਾ ਚਾਹੀਦਾ ਹੈ।

ਤੁਹਾਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਲਈ ਅਜੇ ਵੀ ਨੇਮ ਨਾਲ ਟੈੱਸਟ ਕਰਵਾਉਣਾ ਚਾਹੀਦਾ ਹੈ ਜੇ:

- ਤੁਹਾਡੀ ਮਾਹਵਾਰੀ ਪੱਕੇ ਤੌਰ 'ਤੇ ਬੰਦ ਹੋ ਗਈ ਹੈ;
- ਤੁਹਾਡਾ ਸਿਰਫ ਇਕ ਸੰਭੋਗ ਸਾਥੀ ਹੈ ਜਾਂ ਤੁਸੀਂ ਉਸੇ ਸਾਥੀ ਨਾਲ ਕਾਫੀ ਚਿਰ ਤੋਂ ਹੋ;
- ਤੁਸੀਂ ਐੱਚ ਪੀ ਵੀ ਵੈਕਸੀਨ ਲਵਾਈ ਹੋਈ ਹੈ;
- ਤੁਸੀਂ ਸੇਮ-ਸੈਕਸ ਸੰਬੰਧਾਂ ਵਿਚ ਹੋ; ਜਾਂ,
- ਤੁਸੀਂ ਬੱਚੇਦਾਨੀ ਵਾਲੇ ਟ੍ਰਾਂਸਜੈਂਡਰ ਵਿਅਕਤੀ ਹੋ।

## ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

25-69 ਸਾਲ ਦੀ ਉਮਰ ਦੀਆਂ ਔਰਤਾਂ ਨੂੰ ਹਰ ਤਿੰਨ ਸਾਲਾਂ ਬਾਅਦ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਟੈੱਸਟ (ਪੈਪ ਟੈੱਸਟ) ਕਰਵਾਉਣਾ ਚਾਹੀਦਾ ਹੈ।

ਟੈੱਸਟ ਬੱਚੇਦਾਨੀ ਦੇ ਮੂੰਹ ਵਿਚ ਅਸਾਧਾਰਣ ਸੈੱਲਾਂ ਦਾ ਪਤਾ ਲਾ ਸਕਦਾ ਹੈ, ਜਿਸ ਦਾ ਜੇ ਛੇਤੀ ਇਲਾਜ ਹੋ ਜਾਵੇ ਤਾਂ ਇਹ ਕੈਂਸਰ ਨੂੰ ਵਧਣ ਤੋਂ ਰੋਕ ਸਕਦਾ ਹੈ।

ਹਰ ਤਿੰਨ ਸਾਲਾਂ ਬਾਅਦ ਟੈੱਸਟ ਕਰਵਾਉਣ ਨਾਲ ਤੁਹਾਡਾ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਆਪਣਾ ਖਤਰਾ 70 ਪ੍ਰਤੀਸ਼ਤ ਘਟ ਸਕਦਾ ਹੈ।

**70**
ਪ੍ਰਤੀਸ਼ਤ

ਜੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਅਗੇਤੀ ਸਟੇਜ 'ਤੇ ਹੀ ਫੜੀ ਜਾਵੇ ਤਾਂ ਬਚਣ ਦੇ ਮੌਕੇ 85 ਪ੍ਰਤੀਸ਼ਤ ਨਾਲੋਂ ਜ਼ਿਆਦਾ ਹੁੰਦੇ ਹਨ।

**85**
ਪ੍ਰਤੀਸ਼ਤ

## ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਟੈੱਸਟ ਦੌਰਾਨ ਕੀ ਹੁੰਦਾ ਹੈ?

ਬੱਚੇਦਾਨੀ ਦੇ ਮੂੰਹ ਦੇ ਟੈੱਸਟ ਵਿਚ ਇਕ ਟੈੱਸਟ ਕਰਨਾ ਸ਼ਾਮਲ ਹੁੰਦਾ ਹੈ ਜਿਸ ਨੂੰ ਪੈਪ ਟੈੱਸਟ ਆਖਿਆ ਜਾਂਦਾ ਹੈ।

ਸਪੈਕੁਲਮ ਨਾਂ ਦਾ ਇਕ ਯੰਤਰ ਬੜੀ ਸਹਿਜ ਨਾਲ ਯੋਨੀ (ਵਜਾਇਨਾ) ਵਿਚ ਪਾਇਆ ਜਾਂਦਾ ਹੈ ਤਾਂ ਜੋ ਡਾਕਟਰ ਤੁਹਾਡੀ ਬੱਚੇਦਾਨੀ ਦੇ ਮੂੰਹ ਨੂੰ ਦੇਖ ਸਕੇ। ਫਿਰ ਡਾਕਟਰ ਇਕ ਛੋਟੇ ਬੁਰਸ਼ ਜਾਂ ਸਪੈਚੂਲਾ ਦੀ ਵਰਤੋਂ ਕਰਦੇ ਹੋਏ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚੋਂ ਕੁਝ ਸੈੱਲ ਲਵੇਗੀ/ਲਵੇਗਾ।

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਟੈੱਸਟ ਆਮ ਤੌਰ 'ਤੇ ਦਰਦ ਕਰਨ ਵਾਲਾ ਨਹੀਂ ਹੁੰਦਾ ਪਰ ਇਹ ਬੇਆਰਾਮੀ ਕਰ ਸਕਦਾ ਹੈ।

## ਮੇਰਾ ਟੈੱਸਟ ਕਿਵੇਂ ਕੀਤਾ ਜਾਂਦਾ ਹੈ?

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਟੈੱਸਟ ਕਿਸੇ ਡਾਕਟਰ, ਨਰਸ ਪ੍ਰੈਕਟੀਸ਼ਨਰ, ਰਜਿਸਟਰਡ ਨਰਸ, ਮਿਡਵਾਈਫ ਜਾਂ ਨੈਚਰੋਪੈਥਿਕ ਡਾਕਟਰ ਵਲੋਂ ਆਪਣੇ ਦਫਤਰ ਜਾਂ ਕਲੀਨਿਕ ਵਿਚ ਕੀਤਾ ਜਾ ਸਕਦਾ ਹੈ।

ਇਹ ਟੈੱਸਟ ਮੁਫਤ ਹੈ ਅਤੇ ਇਸ ਨੂੰ ਕਰਨ ਲਈ ਕੁਝ ਕੁ ਮਿੰਟ ਹੀ ਲੱਗਦੇ ਹਨ।

## ਟੈੱਸਟ ਦੇ ਅਸਾਧਾਰਣ ਨਤੀਜੇ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ।

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਟੈੱਸਟ ਦੇ ਅਸਾਧਾਰਣ ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੱਚੇਦਾਨੀ ਦੇ ਮੂੰਹ 'ਤੇ ਅਜਿਹੇ ਸੈੱਲ ਲੱਭੇ ਹਨ ਜਿਹੜੇ ਨੌਰਮਲ ਨਹੀਂ ਦਿਖਾਈ ਦਿੰਦੇ। ਅਸਾਧਾਰਣ ਨਤੀਜੇ ਆਮ ਗੱਲ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਕੈਂਸਰ ਹੈ ਜਾਂ ਤੁਹਾਡੇ ਵਿਚ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਹਨ।

ਅਕਸਰ ਇਹ ਅਸਾਧਾਰਣ ਸੈੱਲ ਆਪਣੇ ਆਪ ਹੀ ਨੌਰਮਲ ਹੋ ਜਾਂਦੇ ਹਨ। ਪਰ ਕੁਝ ਕੇਸਾਂ ਵਿਚ, ਹੋ ਸਕਦਾ ਇਹ ਆਪਣੇ ਆਪ ਨੌਰਮਲ ਨਾ ਹੋਣ, ਅਤੇ ਇਸ ਦੀ ਬਜਾਏ ਕੈਂਸਰ ਤੋਂ ਪਹਿਲਾਂ ਵਾਲੇ ਸੈੱਲ ਬਣ ਜਾਂਦੇ ਹਨ ਜਿਨ੍ਹਾਂ ਨੂੰ ਹਟਾਉਣ ਦੀ ਲੋੜ ਹੁੰਦੀ ਹੈ।

ਤੁਹਾਨੂੰ ਆਪਣੇ ਨਤੀਜਿਆਂ ਅਤੇ ਅਗਾਂਹ ਹੋਰ ਟੈੱਸਟਾਂ ਜਾਂ ਇਲਾਜ ਬਾਰੇ ਆਪਣੇ ਡਾਕਟਰ ਨਾਲ ਵਿਚਾਰ ਕਰਨ ਦੀ ਲੋੜ ਹੁੰਦੀ ਹੈ। ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਪੈਰਵੀ ਲਈ ਬਣੀਆਂ ਸਾਰੀਆਂ ਅਪੌਇੰਟਮੈਂਟਾਂ 'ਤੇ ਜਾਉ।

## ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋਣ ਦਾ ਆਪਣਾ ਖਤਰਾ ਮੈਂ ਕਿਵੇਂ ਘਟਾ ਸਕਦੀ ਹਾਂ?

ਬੱਚੇਦਾਨੀ ਦੇ ਮੂੰਹ ਦੀ ਕੈਂਸਰ ਤੋਂ ਰੋਕਥਾਮ ਕਰਨ ਲਈ ਬੱਚੇਦਾਨੀ ਵਾਲੀ ਹਰ ਔਰਤ ਦੋ ਕਦਮ ਚੁੱਕ ਸਕਦੀ ਹੈ – ਹਰ ਤਿੰਨ ਸਾਲ ਬਾਅਦ ਟੈੱਸਟ ਕਰਵਾਉਣਾ ਅਤੇ ਜੇ ਉਮਰ 9-45 ਸਾਲ ਦੇ ਵਿਚਕਾਰ ਹੈ ਤਾਂ ਐੱਚ ਪੀ ਵੀ ਵੈਕਸੀਨ ਲੈਣਾ। ਐੱਚ ਪੀ ਵੀ ਵੈਕਸੀਨ ਬੀ ਸੀ ਵਿਚ ਗਰੇਡ 6 ਵਿਚਲੀਆਂ ਲੜਕੀਆਂ ਨੂੰ ਮੁਫਤ ਦਿੱਤੀ ਜਾਂਦੀ ਹੈ। ਸਾਲ 1994 ਜਾਂ ਬਾਅਦ ਵਿਚ ਪੈਦਾ ਹੋਈਆਂ ਉਹ ਲੜਕੀਆਂ ਅਤੇ ਜਵਾਨ ਔਰਤਾਂ ਜਿਹੜੀਆਂ ਐੱਚ ਪੀ ਵੀ ਵੈਕਸੀਨ ਲੈਣ ਤੋਂ ਖੁੰਝ ਗਈਆਂ ਸਨ, ਉਹ ਬਿਨਾਂ ਖਰਚੇ ਦੇ ਵੈਕਸੀਨ ਲੈਣ ਲਈ ਆਪਣੇ ਡਾਕਟਰ ਨਾਲ ਸੰਪਰਕ ਕਰ ਸਕਦੀਆਂ ਹਨ।

ਵੈਕਸੀਨ, ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦੇ ਬਹੁਤੇ ਕੇਸਾਂ ਦਾ ਕਾਰਨ ਬਣਨ ਵਾਲੀਆਂ ਐੱਚ ਪੀ ਵੀ ਦੀਆਂ ਕਿਸਮਾਂ ਤੋਂ ਰੱਖਿਆ ਕਰਦੀ ਹੈ। ਜੇ ਤੁਸੀਂ ਵੈਕਸੀਨ ਲਈ ਹੈ ਤਾਂ ਤੁਹਾਨੂੰ ਅਜੇ ਵੀ ਟੈੱਸਟ ਕਰਵਾਉਣ ਦੀ ਲੋੜ ਹੈ ਕਿਉਂਕਿ ਵੈਕਸੀਨ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਕਾਰਨ ਬਣਨ ਵਾਲੀਆਂ ਐੱਚ ਪੀ ਵੀ ਦੀਆਂ ਸਾਰੀਆਂ ਕਿਸਮਾਂ ਤੋਂ ਰੱਖਿਆ ਨਹੀਂ ਕਰਦੀ। ਐੱਚ ਪੀ ਵੀ ਵੈਕਸੀਨ ਬਾਰੇ ਜ਼ਿਆਦਾ ਜਾਣਨ ਲਈ www.immunizebc.ca 'ਤੇ ਜਾਉ।